**International Journal of Humanities and Social Science Research**
**ISSN: 2455-2070**
**www.socialresearchjournals.com**
**Volume 1; Issue 1; November 2015; Page No. 77-79**

# ਸੁਲਤਾਨ ਬਾਹੂ ਦੀ ਵਿਚਾਰਧਾਰਾ

**Harwant Singh Bains**
Aklia College, Bathinda, Punjab, India

## ਸੁਲਤਾਨ ਬਾਹੂ ਦੀ ਵਿਚਾਰਧਾਰਾ

ਸੁਲਤਾਨ ਬਾਹੂ ਨੂੰ ਪੰਜਾਬੀ ਸੂਫ਼ੀ ਕਾਵਿ-ਧਾਰਾ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਉਸਦੀ ਕਾਵਿ ਰਚਨਾ ਦਾ ਘੇਰਾ ਬਹੁਤ ਵਿਸ਼ਾਲ ਹੈ। ਡਾ. ਹਿਰਦੇਜੀਤ ਸਿੰਘ ਭੋਗਲ ਦੇ ਸ਼ਬਦਾਂ ਵਿੱਚ, ''ਸੁਲਤਾਨ ਬਾਹੂ ਦੀ ਪੰਜਾਬੀ ਕਾਵਿ ਰਚਨਾ ਦਾ ਮੁੱਖ ਨਿਸ਼ਾਨਾ ਇਸ਼ਕ ਹਕੀਕੀ ਦਾ ਸੰਕਲਪ, ਮੁਰਸ਼ਦ ਰਾਹੀਂ ਰੂਹਾਨੀ ਗਿਆਨ ਤੇ ਸ਼ਰੀਅਤ ਦੀ ਰੂਹਾਨੀ ਵਿਆਖਿਆ ਕਰਨਾ ਹੈ। ਇਸਦੇ ਬਿਨਾਂ ਸੰਸਾਰ ਦੀ ਨਾਸ਼ਮਾਨਤਾ ਤੇ ਧਾਰਮਿਕ ਸਹਿਨਸ਼ੀਲਤਾ ਦੇ ਵਿਸ਼ਿਆਂ ਨੂੰ ਵੀ ਬਾਹੂ ਨੇ ਛੋਹਿਆ। ਇਸ ਮਹਾਨ ਸੂਫ਼ੀ ਸ਼ਾਇਰ ਨੇ ਪਾਖੰਡੀ ਆਲਮਾਂ ਦੇ ਚਰਿੱਤਰ ਨੂੰ ਸਭ ਤੋਂ ਵੱਧ ਭੰਡਿਆ ਜਿਹੜੇ ਸਾਰੇ ਮਜ਼ਬੀ ਮਸਲਿਆਂ ਉੱਤੇ ਲੋਕਾਂ ਨੂੰ ਗੁੰਮਰਾਹ ਕਰਦੇ ਸਨ।''[1] ਡਾ. ਹਰਜਿੰਦਰ ਸਿੰਘ ਵਿੱਲੋਂ ਅਨੁਸਾਰ, ''ਬਾਹ ਦੀ ਰਚਨਾ ਪ੍ਰਮੁੱਖ ਤੋਰ ਤੋਰ ਤੇ ਖੁਦਾ ਨਾਲ ਇਸ਼ਕ ਸਥਾਪਤੀ ਦੀ ਸਥਿਤੀ ਸਿਰਜਣ ਵਿੱਚ ਕਾਰਜਸ਼ੀਲ ਹੈ। ਇਸ ਕਾਰਜ ਵਿੱਚ ਮੁਰਸ਼ਦ ਦਾ ਵਿਸ਼ੇਸ਼ ਸਥਾਨ ਹੈ। ਨਫ਼ਸਕੁਸ਼ੀ ਕਰਕੇ ਇਕ ਸਾਲਿਕ ਆਪਣੇ ਮੁਰਸ਼ਦ ਦੀ ਯੋਗ ਅਗਵਾਈ ਅਤੇ ਬਖਸ਼ਿਸ਼ ਦੁਆਰਾ ਅਧਿਆਤਮਿਕ ਪ੍ਰਗਤੀ ਦੀਆਂ ਉਚੇਰੀਆਂ ਸਿਖਰਾਂ ਪ੍ਰਾਪਤ ਕਰਨ ਦੇ ਸਮਰੱਥ ਹੋ ਸਕਦਾ ਹੈ।''[2]

ਬਾਹੂ ਨੂੰ ਅਜਿਹਾ ਸੂਫ਼ੀ ਕਵੀ ਮੰਨਿਆ ਗਿਆ ਹੈ ਜਿਸ ਨੇ ਸਭ ਤੋਂ ਪਹਿਲਾਂ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ 'ਸੀਹਰਫ਼ੀ ਕਾਵਿ ਰੂਪ ਨੂੰ ਮਾਧਿਅਮ ਬਣਾਇਆ। ''ਸੀਹਰਫ਼ੀ ਦਾ ਸ਼ਾਬਦਿਕ ਅਰਥ ਹੈ 'ਤੀਹ ਅੱਖਰ'। ਫਾਰਸੀ ਲਿਪੀ ਵਿਚਲੇ ਤੀਹ ਅੱਖਰਾਂ ਦੇ ਆਧਾਰ ਤੇ ਹੋਂਦ ਵਿਚ ਆਉਣ ਵਾਲੀ ਕਵਿਤਾ ਨੂੰ 'ਸੀਹਰਫ਼ੀ ਦਾ ਨਾਮ ਪ੍ਰਦਾਨ ਕੀਤਾ ਗਿਆ ਹੈ।''[3]

## ਇਸ਼ਕ ਦਾ ਰੂਪ

ਬਾਹੂ ਦੀਆਂ ਸੀਹਰਫ਼ੀਆਂ ਵਿਚ ਇਸ਼ਕ ਨੂੰ ਬਹੁਤ ਉੱਚਿਆਇਆ ਗਿਆ ਹੈ। ਉਸ ਅਨੁਸਾਰ ਇਸ਼ਕ ਤੋਂ ਬਿਨਾਂ ਖੁਦਾ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ਼ਕ ਦੇ ਮਾਰਗ ਤੇ ਚੱਲਦਿਆਂ ਸਾਧਕ ਦੁਨਿਆਵੀ ਮੋਹ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ। ਉਹ ਇਸ਼ਕ ਦੀ ਮੰਜ਼ਿਲ ਸਰ ਕਰਨ ਲਈ ਨਿੱਤ ਅੱਲ੍ਹਾ ਦੀ ਬੰਦਗੀ ਵਿੱਚ ਮਸਤ ਰਹਿੰਦਾ ਹੈ। ਉਸਨੂੰ ਕਿਸੇ ਨਾਲ ਕੋਈ ਗਿਲ਼ਾ-ਸ਼ਿਕਵਾ ਨਹੀਂ ਰਹਿ ਜਾਂਦਾ। ਡਾ. ਗੁਰਦੇਵ ਸਿੰਘ ਦਾ ਵਿਚਾਰ ਹੈ ਕਿ ''ਇਸ਼ਕ ਦਾ ਜਾਮ ਪੀ ਲੈਣ ਵਾਲਿਆਂ ਦੀ ਇਕ ਹੋਰ ਕੈਫ਼ੀਅਤ ਬਾਹੂ ਨੇ ਬਿਆਨ ਕਰਦਿਆਂ ਫ਼ਰਮਾਇਆ ਹੈ ਕਿ ਆਸ਼ਿਕ ਪਹਿਲਾਂ ਆਪਣੇ ਹੱਡਾਂ ਨੂੰ ਇਸ਼ਕ ਦੀ ਅੱਗ ਵਿੱਚ ਪਾ ਕੇ ਸੇਕ ਸੇਕਦੇ ਹਨ ਤੇ ਫੇਰ ਆਪਣੀ ਜਾਨ ਜਾਂ ਆਪਣੇ ਜਿਗਰ ਨੂੰ ਸੀਖ਼ ਵਿੱਚ ਟੁੰਗ ਕੇ ਇਸਦਾ ਕਬਾਬ ਭੁੰਨਦੇ ਹਨ। ਆਪਣੇ ਹੀ ਜਿਗਰ ਦਾ ਖੂਨ ਪੀਂਦੇ ਹਨ ਤੇ ਨੀਵਾ ਸਿਰ ਕਰਕੇ ਅਰਥਾਤ ਅਤਿ ਨਿਮਰ ਹਾਲਤ ਵਿੱਚ ਤਬਰੇ ਫਿਰਦੇ ਹਨ। ਕਹਿਣ ਨੂੰ ਤਾਂ ਹਜ਼ਾਰਾ ਆਸ਼ਿਕ ਵੇਖਣ ਨੂੰ ਮਿਲ ਜਾਣਗੇ ਪਰ ਇਸ਼ਕ ਹਕੀਕੀ ਵਿਰਲਿਆਂ ਦੇ ਨਸੀਬਾਂ ਵਿਚ ਹੁੰਦਾ ਹੈ।''[4] ਬਾਹੂ ਲਿਖਦਾ ਹੈ

> ਜੀਮ ਜਿਹਨਾਂ ਇਸ਼ਕ ਹਕੀਕੀ ਪਾਯਾ, ਮੂੰਹੋਂ ਨਾ ਕੁਝ ਅਲਾਵਨ ਹੂ
> ਜ਼ਿਕਰ ਫ਼ਿਕਰ ਵਿੱਚ ਰਹਿਣ ਹਮੇਸ਼ਾ, ਦਮ ਨੂੰ ਕੈਦ ਲਗਾਵਣ ਹੂ
> ਸਿਰੀ ਰੂਹੀ ਕਲਬੀ ਸੂਰੀ, ਅਖ਼ਫ਼ੀ ਖਫ਼ੀ ਕਮਾਵਣ ਹੂ
> ਮੈਂ ਕੁਰਬਾਨ ਤਿਨ੍ਹਾਂ ਤੋਂ ਬਾਹੂ, ਜੇਹੜੇ ਇਕਸ ਨਿਗਾਹ ਜਗਾਵਨ ਹੂ

ਬਾਹੂ ਨੇ ਵੀ ਹੋਰਨਾਂ ਸੂਫ਼ੀਆਂ ਵਾਂਗ ਇਸ਼ਕ ਦੇ ਮਾਰਗ ਨੂੰ ਬਹੁਤ ਕਠਿਨ ਦੱਸਿਆ ਹੈ। ਇਸ ਮਾਰਗ ਉੱਤੇ ਕੋਈ ਸਿਰੜੀ ਹੀ ਚੱਲ ਸਕਦਾ ਹੈ। ਇਸ਼ਕ ਦਾ ਇਹ ਦਸਤੂਰ ਹੈ ਕਿ ਇਸ ਦੇ ਰੋਗੀ ਨੂੰ ਆਪਾ ਕੁਰਬਾਨ ਕਰਨਾ ਪੈਂਦਾ ਹੈ, ਬਿਨਾਂ ਕੁਰਬਾਨੀ ਤੋਂ ਇਸ਼ਕ ਹਕੀਕੀ ਦੀ ਮੰਜ਼ਿਲ ਨਹੀਂ ਪ੍ਰਾਪਤ ਕੀਤੀ ਜਾ ਸਕਦੀ । ਬਾਹੂ ਲਿਖਦਾ ਹੈ

ਐਨ ਆਸ਼ਕ ਸੋਈ ਹਕੀਕੀ ਜੇੜ੍ਹਾਂ, ਕਤਲ ਮਾਅਸ਼ੂਕ ਦੇ ਮੰਨੇ ਹੂ
ਇਸ਼ਕ ਨ ਛੋੜੇ ਮੁੱਖ ਨ ਮੋੜੇ, ਤੋੜੇ ਸੈ ਛਲਵਾਰਾ ਖੰਨੇ ਹੂ
ਜਿਤ ਵਲ ਵੇਖ ਰਾਜ ਮਾਹੀ ਦੇ, ਲੱਗੇ ਓਸੇ ਬੰਨੇ ਹੂ
ਸੱਚਾ ਇਸ਼ਕ ਖਲੀਲ ਅਲੀ ਦਾ ਬਾਹੂ, ਸਿਰ ਦੇਵੇ ਰਾਜ਼ ਨ ਭੰਨੇ ਹੂ

ਬਾਹੂ ਅਨੁਸਾਰ ਇਸ਼ਕ ਜਾਤਾਂ, ਧਰਮਾਂ ਅਤੇ ਨਸਲਾਂ ਆਦਿ ਤੋਂ ਨਿਰਲੇਪ ਹੁੰਦਾ ਹੈ ਕਿਉਂਕਿ ਇਸ਼ਕ ਬਿਨਾਂ ਸੋਚੇ ਸਮਝੇ, ਪੁੱਛੇ-ਗਿੱਛੇ ਹੀ ਪੈਦਾ ਹੋ ਜਾਂਦਾ ਹੈ। ਸ਼ਾਇਦ ਇਸੇ ਕਰਕੇ ਹੀ ਕਿਹਾ ਜਾਂਦਾ ਹੈ 'ਇਸ਼ਕ ਨਾ ਪੁੱਛੇ ਜਾਤ'। ਆਸ਼ਿਕ ਨੂੰ ਤਾਂ ਆਪਣੇ ਪ੍ਰੀਤਮ ਪਿਆਰੇ ਰੂਪੀ ਮਾਸ਼ੂਕ ਵਿੱਚ ਉਸ ਪਾਕ ਅੱਲ੍ਹਾ ਦੇ ਦੀਦਾਰ ਹੁੰਦੇ ਹਨ। ਉਸਨੇ ਇਹਨਾਂ ਜਾਤਾਂ-ਧਰਮਾਂ ਦੀਆਂ ਫ਼ਜ਼ੂਲ ਗੱਲਾਂ ਵਿੱਚੋਂ ਕੀ ਲੈਣਾ ਹੁੰਦਾ ਹੈ। ਇਸੇ ਨਿਰਲੇਪਤਾ ਸਦਕਾ ਹੀ ਬਾਹੂ ਅਜਿਹੇ ਆਸ਼ਿਕ ਤੋਂ ਕੁਰਬਾਨ ਜਾਂਦਾ ਲਿਖਦਾ ਹੈ

> ਨੂਨ ਨ ਉਹ ਹਿੰਦੂ ਨ ਉਹ ਮੋਮਨ, ਨ ਸੱਜਦਾ ਕਰਨ ਮਸੀਤੀ ਹੂ
> ਦਮਦਮ ਦੇ ਵਿਚ ਦੇਖਣ ਮੌਲਾ, ਜਿਨ੍ਹਾਂ ਕਜ਼ਾ ਨਾ ਕੀਤੀ ਹੂ
> ਆਹੇ ਦਾਨੇ ਤੇ ਬਣੇ ਦਿਵਾਨੇ, ਜਿਨ੍ਹਾਂ ਜ਼ਾਤ ਸਹੀ ਵੰਜ ਕੀਤੀ ਹੂ
> ਮੈਂ ਕੁਰਬਾਨ ਤਿਨ੍ਹਾਂ ਤੋਂ ਬਾਹੂ, ਜਿਨ੍ਹਾਂ ਇਸ਼ਕ ਬਾਜ਼ੀ ਚੁਣ ਲੀਤੀ ਹੂ

## ਮੁਰਸ਼ਦ ਦਾ ਮਹੱਤਵ

ਸੂਫ਼ੀ ਸਾਧਨਾ ਵਿਚ ਮੁਰਸ਼ਦ ਦਾ ਬਹੁਤ ਮਹੱਤਵ ਹੈ। ਮੁਰਸ਼ਦ ਅਜਿਹਾ ਮਾਰਗ ਦਰਸ਼ਕ ਹੈ ਜੋ ਸਾਧਕ ਨੂੰ ਸਮੇਂ-ਸਮੇਂ ਨਿਰਦੇਸ਼ ਦੇ ਕੇ ਉਸਨੂੰ ਮੰਜ਼ਿਲ ਤੱਕ ਪਹੁੰਚਾਉਂਦਾ ਹੈ। ਬਾਹੂ ਦੀਆਂ ਸੀਹਰਫ਼ੀਆਂ ਵਿਚ ਮੁਰਸ਼ਦ ਨੂੰ ਬਹੁਤ ਵਡਿਆਇਆ ਗਿਆ ਹੈ। ਉਸ ਅਨੁਸਾਰ ਮੁਰਸ਼ਦ ਹੀ ਸਾਧਕ ਨੂੰ ਸੰਸਾਰਿਕ ਮੋਹ ਤੋਂ ਤੋੜ ਕੇ ਅਧਿਆਤਮਿਕਤਾ ਦੇ ਮਾਰਗ ਤੇ ਤੋਰਦਾ ਹੈ। ਮੁਰਸ਼ਦ ਆਪਣੇ ਸਾਧਕ ਵਿੱਚ ਚੰਗੇ ਗੁਣ ਪੈਦਾ ਕਰਨ ਵਿੱਚ ਸਹਾਈ ਹੁੰਦਾ ਹੈ। ਉਹ ਸਾਧਕ ਨੂੰ ਵਿਸ਼ੇ ਵਿਕਾਰਾਂ ਨੂੰ ਮਾਰਨਾ ਸਿਖਾਉਂਦਾ ਹੈ ਤਾਂ ਕਿ ਬੰਦਗੀ ਦੌਰਾਨ ਇਹ ਵਿਸ਼ੇ ਵਿਕਾਰ ਸਾਧਕ ਨੂੰ ਉਸਦੀ ਮੰਜ਼ਿਲ ਤੋਂ ਭਟਕਾਉਣ ਦੀ ਕੋਸ਼ਿਸ਼ ਨਾ ਕਰ ਸਕਣ। ਮੁਰਸ਼ਦ ਸਾਧਕ ਅੰਦਰ ਅਜਿਹੀ ਨਾਮ ਰੂਪੀ ਬੂਟੀ ਲਗਾ ਦਿੰਦਾ ਹੈ ਜੋ ਹੌਲੀ-ਹੌਲੀ ਵੱਧ ਕੇ ਆਪਣਾ ਅਸਰ ਦਿਖਾਉਣ ਲੱਗਦੀ ਹੈ। ਪ੍ਰਮਾਣ ਵੱਜੋਂ ਸਾਧਕ ਉਸਦੇ ਨਾਮ ਰੰਗ ਵਿੱਚ ਰੰਗਿਆ ਕਹਿ ਉੱਠਦਾ ਹੈ

> ਅਲਫ਼ ਅੱਲ੍ਹਾ ਚੰਬੇ ਦੀ ਬੂਟੀ, ਮੁਰਸ਼ਦ ਮਨ ਮੇਰੇ ਵਿਚ ਲਾਈ ਹੂ
> ਨਫ਼ੀ ਅਸਬਾਤ ਦਾ ਪਾਣੀ ਮਿਲੇ ਸੁ, ਹਰ ਰੰਗੇ ਹਰ ਜਾਈ ਹੂ
> ਅੰਦਰ ਬੂਟੀ ਮੁਸ਼ਕ ਮਚਾਇਆ, ਜਾਂ ਫੁੱਲਣ ਪਰ ਆਈ ਹੂ
> ਜੀਵੇ ਮੁਰਸ਼ਦ ਕਾਮਲ ਬਾਹੂ, ਜੈਂ ਇਹ ਬੂਟੀ ਲਾਈ ਹੂ।

ਮੁਰਸ਼ਦ ਦੀ ਇਕ ਮਿਹਰ ਭਰੀ ਨਿਗਾਹ ਸਾਧਕ ਨੂੰ ਪਾਕ ਦਿੰਦੀ ਹੈ ਅਰਥਾਤ ਉਸਦੇ ਸਾਰੇ ਗੁਨਾਹ ਧੋ ਦਿੰਦੀ ਹੈ। ਡਾ. ਹਰਜਿੰਦਰ ਸਿੰਘ ਵਿੱਲੋਂ ਦੇ ਸ਼ਬਦਾਂ ਵਿਚ, ''ਬਾਹੂ ਕਈ ਥਾਈਂ ਆਪਣੇ ਪੀਰ ਅਥਵਾ ਮੁਰਸ਼ਦ ਅਬਦੁਲ ਕਾਦਿਰ ਜੀਲਾਨੀ ਨੂੰ ਵੀ ਯਾਂਦ ਕਰਦਾ ਹੈ ਜਿਹੜਾ ਕਾਦਰੀ ਸੰਪਰਦਾ ਦਾ ਸੰਸਥਾਪਕ ਸੀ। ਉਸ ਅਨੁਸਾਰ ਇਹ ਵਿਅਕਤੀ ਖੁਸ਼ਨਸੀਬ ਹਨ, ਜਿਹਨਾਂ ਨੂੰ ਉਹਨਾਂ ਦਾ ਪੀਰ ਆਪਣੀ ਨਿਕਟਤਾ ਪ੍ਰਦਾਨ ਕਰਦਾ ਹੈ।''[5] ਇਸ ਤਰ੍ਹਾਂ ਸਾਧਕ ਲਈ ਮੁਰਸ਼ਦ ਦੀ ਨਿਟਕਤਾ ਰੱਬ ਨੂੰ ਮਿਲਣ ਬਰਾਬਰ ਹੈ। ਸ਼ਰੀਅਤ ਦੇ ਨੇਮਾਂ ਦੀ ਪਾਲਣਾ ਵੀ ਮੁਰਸ਼ਦ ਹੀ ਦੱਸਦਾ ਹੈ। ਬਾਹੂ ਲਈ ਮੁਰਸ਼ਦ ਦੇ ਦੀਦਾਰ ਹੱਜ ਬਰਾਬਰ ਹਨ, ਜਿਵੇ

> ਅਫ਼ਲ ਇਹ ਤਨ ਮੇਰਾ ਰਿਸ਼ਮਾ ਹੋਵੇ, ਮੈਂ ਮੁਰਸ਼ਦ ਵੇਖ ਨਾ ਰੱਜਾ ਹੂ
> ਲੂੰ ਲੂੰ ਦੇ ਮੁਢ ਲਖ ਲਖ ਚਿਮਿਆਂ, ਇਕ ਖੋਲ੍ਹਾਂ ਇਕ ਕੱਜਾਂ ਹੂ

ਇਤਲਿਆਂ ਡਿਠਿਆ ਸਬਰ ਨਾ ਆਵੇ, ਹੋਰ ਕਿਤੇ ਵੱਲ ਭੱਜਾਂ ਹੂ
ਮੁਰਸ਼ਦ ਦਾ ਦੀਦਾਰ ਹੈ ਬਾਹੂ, ਮੈਨੂੰ ਲਖ ਕਰੋੜਾਂ ਹੱਜਾਂ ਹੂ

ਬਾਹੂ ਅਨੁਸਾਰ ਮੁਰਸ਼ਦ ਤੋਂ ਬਿਨਾਂ ਸਾਧਕ ਥਾਂ-ਥਾਂ ਭਟਕਦਾ ਫਿਰਦਾ ਹੈ। ਉਸ ਦੇ ਪੱਲੇ ਫ਼ਕੀਰੀ ਨਹੀਂ ਪੈਂਦੀ। ਸਾਧਕ ਮੁਰਸ਼ਦ ਦੀ ਭਾਲ ਵਿੱਚ ਸਾਰਾ ਜੀਵਨ ਅਜਾਈਂ ਗੁਆ ਦਿੰਦਾ ਹੈ, ਜਿਵੇਂ

ਨੂਨ ਨ ਕੋਈ ਮੁਰਸ਼ਦ ਨਾ ਕੋਈ ਤਾਲਬ, ਇਹ ਸਭ ਦਿਲਾਸੇ ਮੱਠ ਹੂ
ਰਾਹ ਫੱਕਰ ਨਾ ਪਰੇ ਪਰੇਰ, ਸਬ ਹਿਰਸ ਦੁਲੀਆਂ ਦੀ ਕੁੱਠੇ ਹੂ
ਸ਼ੌਕ ਅਲਾਹੀ ਗ਼ਾਲਬ ਹੋਯਾ, ਜਿਹਨਾਂ ਮਰਨੇ ਤੇ ਰੁੱਠੇ ਹੂ
ਬਾਹੂ ਜੈ ਤਨ ਭੜਕੇ ਭਾ ਬਿਰਹੋਂ ਦੀ, ਓਹ ਮਰਨ ਤਿਹਾਨੇ ਗੁੱਠੇ ਹੂ।

**ਸੰਸਾਰ ਦੀ ਨਾਸ਼ਮਾਨਤਾ**

ਬਾਬਾ ਫਰੀਦ ਵੱਲੋ ਸ਼ੁਰੂ ਕੀਤੀ ਸੂਫ਼ੀ ਕਾਵਿ ਪਰੰਪਰਾ ਦਾ ਕੋਈ ਅਜਿਹਾ ਕਵੀਂ ਨਹੀ ਹੈ। ਜਿਸ ਨੇ ਸੰਸਾਰ ਦੀ ਨਾਸ਼ਮਾਨਤਾ ਨੂੰ ਬਿਆਨਿਆ ਨਾ ਹੋਵੇ। ਬਾਹੂ ਦੀ ਕਾਵਿ ਰਚਨਾ ਵਿਚ ਅਨੇਕਾਂ ਬੰਦਾਂ ਵਿੱਚ ਸੰਸਾਰ ਦੀ ਨਾਸ਼ਮਾਨਤਾ ਨੂੰ ਦਰਸਾਇਆ ਗਿਆ ਹੈ। ਉਸ ਅਨੁਸਾਰ ਜੀਵਾਤਮਾ ਸੰਸਾਰ ਦੇ ਭਰਮ ਭੁਲੇਖਿਆ ਵਿਚ ਉਲਝ ਕੇ ਆਪਣੇ ਅਸਲ ਮਕਸਦ ਤੋਂ ਭਟਕ ਜਾਂਦੀ ਹੈ। ਕਿਉਂਕਿ ਸੰਸਾਰ ਮਾਇਆ ਦਾ ਦੂਜਾ ਰੂਪ ਹੈ, ਜੋ ਜੀਵਾਤਮਾ ਨੂੰ ਨਾਮ ਸਿਮਰਨ ਦੇ ਮਾਰਗ ਤੋਂ ਭਟਕਾ ਕੇ ਆਪਣੇ ਆਡੰਬਰੀ ਵਰਤਾਰੇ ਵਿੱਚ ਖਚਿਤ ਕਰ ਲੈਂਦਾ ਹੈ ਅਤੇ ਅੰਤ ਵੇਲੇ ਜੀਵਾਤਮਾ ਨੂੰ ਇਸ ਜਹਾਨ ਤੋਂ ਖਾਲੀ ਹੱਥ ਜਾਣਾ ਪੈਂਦਾ ਹੈ। ਬਾਹੂ ਅਜਿਹੇ ਲੁਭਾਇਮਾਨ ਸੰਸਾਰ ਨੂੰ ਲਾਹਨਤਾਂ ਪਾਉਂਦਾ ਲਿਖਦਾ ਹੈ

ਅਲਫ਼ ਅੱਧੀ ਲਾਅਨਤ ਦੁਨੀਆਂ ਤਾਈਂ, ਸਾਰੀ ਦੁਨੀਆਂ ਦਾਰਾਂ ਹੂ
ਜਿਹਨਾਂ ਰਾਹ ਸਾਹਿਬ ਦੇ ਖਰਚ ਨਾ ਕੀਤੀ, ਬਾਹੂ ਲੈਨ ਗ਼ਜ਼ਬ ਦੀਆਂ ਮਾਰਾਂ ਹੂ।
ਪਿਓਵਾਂ ਕੋਲੋਂ ਪੁਤ੍ਰ ਕੋਹੇਂਦੀ, ਭੱਨ ਦੁਲੀਆਂ ਮੱਕਾਰਾਂ ਹੂ
ਜਿਹਨਾਂ ਤਰਕ ਦੁਨੀਆਂ ਥੀਂ ਕੀਤੀ ਬਾਹੂ, ਲੈਸਨ ਬਾਗ਼ ਬਹਾਰਾਂ ਹੂ।

ਬਾਹੂ ਅਨੁਸਾਰ ਜੀਵਾਤਮਾ ਦੇ ਸਾਰੇ ਦੁੱਖਾਂ ਦਾ ਕਾਰਨ ਸੰਸਾਰ ਦਾ ਝੂਠਾ ਪਸਾਰਾ ਹੈ, ਜਿਸ ਵਿੱਚ ਵਿਚਰਦੇ ਲੋਕ ਹਮੇਸ਼ਾਂ ਦੁੱਖਾਂ ਵਿਚ ਰੋਂਦੇ ਕੁਰਲਾਉਂਦੇ ਰਹਿੰਦੇ ਹਨ ਕਿਉਂਕਿ ਸੰਸਾਰ ਦਾ ਪਦਾਰਥਕ ਵਰਤਾਰਾ ਉਹਨਾਂ ਅੰਦਰ ਲੋਭ ਜਗਾ ਕੇ ਆਪਣੇ ਪਿੱਛੇ ਦੌੜਾਉਂਦਾ ਹੈ। ਅੰਤ ਉਹਨਾਂ ਦੇ ਹੱਥ ਨਹੀ ਆਉਂਦਾ, ਜਿਸ ਕਾਰਨ ਲੋਕ ਮਾਯੂਸੀ ਦੇ ਆਲਮ ਵਿੱਚ ਡੁੱਬ ਜਾਂਦੇ ਹਨ। ਪਰ ਦੂਜੇ ਪਾਸੇ ਜਿਹਨਾਂ ਨੇ ਸੰਸਾਰਿਕ ਮੋਹ ਨੂੰ ਤਿਆਗ ਦਿੱਤਾ ਹੈ, ਉਹ ਨਾਮ ਸਿਮਰਨ ਵਿੱਚ ਲੱਗ ਕੇ ਖੁਸ਼ੀ/ਆਨੰਦਮਈ ਜੀਵਨ ਬਤੀਤ ਕਰਨ ਵਿੱਚ ਮਗਨ ਹੁੰਦੇ ਹਨ, ਜਿਵੇ

ਅਲਫ ਇਹ ਦੁਨੀਆਂ ਜ਼ਨ ਹੈਜ਼ ਪਲੀਦੀ, ਕੇਤੀ ਮਲ ਮਲ ਧੋਂਦੇ ਹੂ
ਦੁਨੀਆਂ ਕਾਰਨ ਆਲਮ ਫ਼ਜ਼ਲ ਗੋਸ਼ੇ ਬਹਿ ਬਹਿ ਰੌਂਦੇ ਹੂ।
ਦੁਨੀਆਂ ਕਾਰਨ ਲੋਕ ਵਿਚਾਰੇ, ਹਿਕ ਪਲ ਸੁਖ ਨਾ ਸੌਂਦੇ ਹੂ
ਜਿਨ੍ਹਾਂ ਛੱਡੀ ਦੁਨੀਆਂ ਬਾਹੂ, ਓਹ ਕੰਧੀ ਚੜ੍ਹ ਖਲੋਂਦੇ ਹੂ।

ਬਾਹੂ ਅਨੁਸਾਰ ਦੁਨੀਆਂ ਹੀ ਜੀਵਾਤਮਾ ਨੂੰ ਚੈਨ ਨਾਲ ਬੈਠਣ ਨਹੀਂ ਦਿੰਦੀ, ਹਮੇਸ਼ਾ ਦੌੜ-ਭੱਜ ਵਿਚ ਲਾਈ ਰੱਖਦੀ ਹੈ। ਇਹ ਸੰਸਾਰ ਮਨੁੱਖ ਅੰਦਰ ਹਉਮੈ ਦਾ ਬੀਜ ਬੀਜਦਾ ਹੈ ਅਤੇ ਮੈਂ ਮੇਰੀ ਪਿੱਛੇ ਭਜਾਈ ਰੱਖਦਾ ਹੈ। ਸਿੱਟੇ ਵਜੋਂ ਜੀਵਾਤਮਾ ਬੰਦਗੀ ਤੋਂ ਦੂਰ ਹੁੰਦੀ ਜਾਂਦੀ ਹੈ। ਉਹ ਨੇਕ ਕਰਮਾਂ ਦੀ ਥਾਂ ਦਿਨੋ ਦਿਨ ਬੁਰੇ ਕਰਮਾਂ ਵਿਚ ਫਸਦੀ ਜਾਂਦੀ ਹੈ। ਸਾਰੀ ਜਿੰਦਗੀ ਬੰਦਾ ਕਮਾਈ ਕਰਨ ਲਈ ਭੱਜ-ਦੌੜ ਕਰਦਾ ਰਹਿੰਦਾ ਹੈ ਪਰ ਫਿਰ ਵੀ ਪੂਰੀ ਨਹੀਂ ਪੈਂਦੀ ਕਿਉਂਕਿ ਪੂਰੀ ਤਾਂ ਹੀ ਪੈਣੀ ਹੈ, ਜੇ ਪਰਮਾਤਮਾ ਦੀ ਮਿਹਰ ਹੋਵੇ। ਮਿਹਰ ਤਾਂ ਹੀ ਹੋਵੇਗੀ ਜੇ ਉਸ ਨੂੰ ਚੇਤੇ ਕੀਤਾ ਗਿਆ ਹੋਵੇ ਪਰ ਸੰਸਾਰਿਕ ਮੋਹ ਮਾਇਆ ਪਰਮਾਤਮਾ ਨੂੰ ਚੇਤੇ ਕਰਨ ਦਾ ਮੌਕਾ ਹੀ ਨਹੀਂ ਦਿੰਦੀ। ਨਿੱਤ ਆਪਣੇ ਮਗਰ ਲਾਈ ਰੱਖਦੀ ਹੈ ਅਤੇ ਅੰਤ ਵੇਲੇ ਜਿਸ ਆਸ ਨਾਲ ਬੰਦੇ ਨੇ ਦੁਨਿਆਵੀਂ ਕੰਮ ਕੀਤੇ ਹੁੰਦੇ ਹਨ, ਉਹ ਫ਼ਲ ਉਸਨੂੰ ਨਹੀਂ ਮਿਲਦਾ, ਜਿਵੇ

ਫੇ ਫੇ ਫਜ਼ਰੇ ਵੇਲੇ ਵਕਤ ਸਵੇਰੇ, ਨਿੱਤ ਆਣ ਕਰਨ ਮਜ਼ਬੂਰੀ ਹੂ।
ਕਾਵਾਂ ਇੱਲਾਂ ਹਿਕਸੇ ਗੱਲਾਂ, ਤਰੀਜੀ ਰਲੀ ਚੰਡੂਰੀ ਹੂ।
ਮਾਰਨ ਚੁੰਜਾਂ ਤੇ ਕਰਨ ਮੁੱਸ਼ਕਤ, ਪੁਟ ਪੁਟ ਕੱਅਣ ਅੰਗੂਰੀ ਹੂ
ਸਾਰੀ ਉਮਰ ਪੁੱਟਦਿਆ ਗੁਜ਼ਰੀ, ਬਾਹੂ ਕਦੀ ਨਾ ਪਈਆਂ ਪੂਰੀ ਹੂ।

**ਇਸਲਾਮੀ ਵਿਚਾਰਧਾਰਾ**

ਬਾਹੂ ਦੀ ਰਚਨਾ ਵਿੱਚੋਂ ਇਸਲਾਮੀ ਸ਼ਰਾਂ ਨਾਲ ਸੰਬੰਧਿਤ ਨੇਮ ਭਲੀਭਾਂਤ ਉਜਾਗਰ ਹੁੰਦੇ ਹਨ ਕਿਉਂਕਿ ਬਾਹੂ ਸੂਫ਼ੀ ਕਵੀ ਤੋਂ ਪਹਿਲਾਂ ਇਕ ਮੁਸਲਮਾਨ ਹੈ ਅਤੇ ਇਕ ਮੁਸਲਮਾਨ ਆਪਣੇ ਧਰਮ ਦੀਆਂ ਧਾਰਮਿਕ ਰਹੁ ਰੀਤਾਂ ਨੂੰ ਸਹਿਜ-ਸੁਭਾਅ ਹੀ ਗ੍ਰਹਿਣ ਕਰ ਜਾਂਦਾ ਹੈ, ਜਿਸਦਾ ਪ੍ਰਮਾਣ ਉਸਦੇ ਜੀਵਨ ਵਰਤਾਰੇ/ਵਿਚਾਰਧਾਰਾ ਤੋਂ ਮਿਲਦਾ ਹੈ। ਬਾਹੂ ਹਜ਼ਰਤ ਮੁਹੰਮਦ ਦੀਆਂ ਸਿੱਖਿਆਵਾਂ ਤੇ ਅਮਲ ਕਰਦਾ ਸੀ। ਉਹ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਨੂੰ ਅੱਲ੍ਹਾ ਤੱਕ ਪਹੁੰਚਣ ਦਾ ਸਾਧਨ ਮੰਨਦਾ ਸੀ। ਬਾਹੂ ਲਿਖਦਾ ਹੈ

ਅਲਫ਼ ਅੰਦਰ ਨਮਾਜ਼ ਅਸਾਡੀ, ਹਿਕਸੇ ਜਾ ਨਤੀਵੇ ਹੂ।
ਨਾਲ ਕਿਆਮ ਰਕੂਅ ਸਜੂਦੇ, ਕਰ ਤਕਰਾਰ ਪੜ੍ਹੀਏ ਹੂ।
ਇਹ ਦਿਲ ਹਿਜਰ ਫ਼ਰਾਕੋਂ ਸੜਦਾ, ਇਹ ਦਮ ਮਰੇ ਨ ਜੀਵੇ ਹੂ।
ਸੱਚਾ ਰਾਹ ਮਹੁੰਮਦ ਵਾਲਾ ਬਾਹੂ, ਜੈਂ ਵਿੱਚ ਰੱਬ ਲੱਭੀਵੇ ਹੂ।

ਬਾਹੂ ਖੁਦਾ ਨੂੰ ਕਿਸੇ ਨਿਸ਼ਚਿਤ ਸਥਾਨ ਤੇ ਬਿਰਾਜਮਾਨ ਨਹੀਂ ਮੰਨਦਾ, ਸਗੋਂ ਉਹ ਤਾਂ ਖੁਦਾ ਦਾ ਵਾਸ ਹਿਰਦੇ ਵਿੱਚ ਮੰਨਦਾ ਹੈ। ''ਬਾਹੂ ਦਾ ਖੁਦਾ ਉਸਦੇ ਅੰਦਰ ਅਤੇ ਬਾਹਰ ਦੋਹਾਂ ਰੂਪਾਂ ਵਿਚ ਵਿਆਪਕ ਹੈ, ਅਰਥਾਤ ਉਸਦਾ ਰੱਬ ਉਸਦੇ ਅੰਤਰ ਜਗਤ ਵਿੱਚ ਵਿਦਮਾਨ ਹੁੰਦਾ ਹੋਇਆ ਬ੍ਰਹਿਮੰਡ ਵਿਚ ਵੀ ਸਮਾਇਆ ਹੋਇਆ ਹੈ। ਇਸ ਕਾਰਨ ਉਸਨੂੰ ਹੋਰਨਾਂ ਥਾਵਾਂ ਉੱਤੇ ਢੂੰਡਣ ਦੀ ਲੋੜ ਨਹੀਂ।'' ਇਸ ਤਰ੍ਹਾਂ ਖੁਦਾ ਜੀਵਾਤਮਾ ਦੇ ਅੰਦਰ ਬਾਹਰ ਵੱਸਦਾ ਹੈ ਅਤੇ ਆਪਣੇ ਵਾਸੇ ਸਦਕਾ ਜੀਵਾਤਮਾ ਦੇ ਵਹਿਮਾਂ-ਭਰਮਾਂ ਨੂੰ ਦੂਰ ਕਰਕੇ ਰੂਹ ਨੂੰ ਰਸ਼ਨਾ ਦਿੰਦੀ ਹੈ, ਜਿਵੇ

ਅਲਫ਼ ਅੰਦਰ ਹੂ ਤੇ ਬਾਹਰ ਹੂਠ ਵਤ ਬਾਹੂ ਕਿਥੇ ਲਭੇਂਦਾ ਹੂ।
ਹੂ ਦਾ ਦਾਗ਼ ਮਹੁੱਬਤ ਵਾਲਾ, ਦਮ ਦਮ ਨਾਲ ਸੜੇਂਦਾ ਹੂ।
ਜਿਥੇ ਹੂ ਕਰੇ ਰੁਸ਼ਨਾਈ, ਉੱਥੋਂ ਅੰਧੇਰਾ ਵੈਂਦਾ ਹੂ।
ਦੋਹੀਂ ਜਹਾਨੀ ਗੁਲਾਮ ਇਸ ਬਾਹੂ, ਜੇੜ੍ਹਾ ਹੂ ਨੂੰ ਸਹੀ ਕਰੇਂਦਾ ਹੂ।

ਬਾਹੂ ਦੀਆਂ ਸੀਹਰਫ਼ੀਆਂ ਵਿੱਚ ਇਸਲਾਮ ਦੇ ਮੂਲ ਮੰਤਰ ''ਲਾ ਇਲਾਹਾ ਇਲ-ਲੱਲਾਹ, ਮਹੁੰਮਦੁਰ-ਰਸੂਲੱਲਾਹ'' ਦਾ ਜ਼ਿਕਰ ਅਨੇਕਾਂ ਥਾਂ ਆਇਆ ਹੈ। ਇਸ ਇਸਲਾਮੀ ਮੂਲ ਮੰਤਰ ਨੂੰ 'ਕਲਮਾ' ਕਿਹਾ ਜਾਂਦਾ ਹੈ। ਬਾਹੂ ਕਲਮੇ ਨੂੰ ਬਹੁਤ ਸਤਿਕਾਰਦਾ ਹੈ। ਉਹ ਮਨੁੱਖੀ ਜੀਵਨ ਦੇ ਸਮੁੱਚੇ ਕਾਰਾਂ-ਵਿਹਾਰਾਂ ਵਿੱਚ ਕਲਮੇ ਨੂੰ ਅਨਿਖੜ ਅੰਗ ਵਜੋ ਪ੍ਰਵਾਨ ਕਰਦਾ ਹੈ, ਜਿਵੇ

ਕਾਫ਼ ਕਲਮੇ ਨਾਲ ਮੈਂ ਨਾੜ੍ਹੀ ਧੋਤੀ, ਕਲਮੇ ਨਾਲ ਬਿਆਹੀ ਹੂ
ਕਲਮੇ ਮੇਰਾ ਪੜ੍ਹਿਆ ਜਨਾਜ਼ਾ, ਕਲਮੇ ਗੌਰ ਸਹਾਈ ਹੂ
ਕਲਮੇ ਨਾਲ ਬਹਿਸ਼ਤੀ ਜਾਣਾ, ਕਲਮਾ ਕਰੇ ਸਫਾਈ ਹੂ।
ਮੁੜਨ ਮੁਹਾਲ ਤਿਨ੍ਹਾਂ ਨੂੰ ਬਾਹੂ, ਜਿਨ੍ਹਾਂ ਸਾਹਿਬ ਆਪ ਬੁਲਾਈ ਹੂ।

ਬਾਹੂ ਅਨੁਸਾਰ ਕਲਮੇ ਵਿਚ ਅਜਿਹੀ ਸ਼ਕਤੀ ਹੈ, ਜਿਸ ਨਾਲ ਲੱਖਾਂ ਕਰੋੜਾਂ ਜੀਵਾਤਮਾ ਇਸ ਸੰਸਾਰ ਰੂਪੀ ਭਵਸਾਗਰ ਵਿਚੋਂ ਪਾਰ ਲੱਘੀਆਂ ਹਨ ਅਤੇ ਨਰਕਾਂ ਦੀ ਅੱਗ ਤੋਂ ਬਚੀਆਂ ਹਨ। ਕਲਮਾਂ ਹੀ ਸਾਰੀਆਂ ਬੁਰੀਆਂ ਜੀਵਾਤਮਾਵਾਂ ਨੂੰ ਧੋ ਕੇ ਜੀਵਾਤਮਾ ਨੂੰ ਪਵਿੱਤਰ ਕਰਕੇ ਸਵਰਗ ਦੀ ਵਾਸੀ ਬਣਾਉਂਦਾ ਹੈ, ਜਿਵੇ

ਕਾਫ਼ ਕਲਮੇ ਲੱਖ ਕਰੋੜਾਂ ਤਾਰੇ, ਵਲੀ ਕੀਤੇ ਸੇ ਰਾਹੀ ਹੂ।
ਕਲਮੇ ਨਾਲ ਬੁਝਾਏ ਦੋਜ਼ਖ, ਜਿੱਥੇ ਅੱਗ ਥੱਲੇ ਅਜ਼ਗਾਹੀ ਹੂ।
ਕਲਮੇ ਨਾਲ ਬਹਿਸ਼ਤੀ ਜਾਣਾ, ਜਿਥੇ ਨਿਹਮਤ ਸੰਝ ਸਥਾਹੀ ਹੂ।
ਕਲਮੇ ਜੇਹੀ ਕੋਈ ਨਿਹਮਤ ਨ ਬਾਹੂ, ਅੰਦਰ ਦੋਹੀਂ ਸਰਾਈਂ ਹੂ

ਬਾਹੂ ਕਲਮੇ ਨੂੰ ਹੀ ਸਭ ਕੁਝ ਮੰਨਦਾ ਹੈ ਕਿਉਂਕਿ ਕਲਮਾ ਉਸਨੂੰ ਪਾਰ ਲੰਘਾਵਣ ਵਾਲਾ ਹੈ ਅਤੇ ਉਸਨੂੰ ਕਲਮਾ ਉਸਦੇ ਮੁਰਸ਼ਦ ਨੇ ਪੜ੍ਹਾਇਆ ਹੈ। ਕਲਮਾ ਲਿਖਣਾ ਆਮ ਸਧਾਰਣ ਇਨਸਾਨ ਦੇ ਵੱਸ ਦੀ ਗੱਲ ਨਹੀਂ ਹੁੰਦੀ, ਇਹ ਤਾਂ ਇਲਾਹੀ ਫ਼ੁਰਮਾਨ ਹੈ, ਜਿਸ ਨੂੰ ਖੁਦਾ ਦੇ ਰੰਗ ਵਿਚ ਰੰਗੀ ਰੂਹ ਹੀ ਲਿਖ ਸਕਦੀ ਹੈ।

ਅਲਫ਼ ਅੰਦਰ ਕਲਮਾ ਕਲਕਲ ਕਰਦਾ, ਇਸ਼ਕ ਸਿਖਾਇਆ ਕਲਮਾ ਹੂ
ਚੌਦਾਂ ਤਬਕ ਕਲਮੇ ਦੇ ਅੰਦਰ, ਕੁਰਾਨ ਕਿਤਾਬਾਂ ਇਲਮਾ ਹੂ
ਕਾਨੇ ਨੱਪ ਕੇ ਕਲਮ ਬਲਵਾਨ, ਲਿਖ ਨਸਕਣ ਕਲਮਾ ਹੂ
ਬਾਹੂ ਇਹ ਕਲਮਾ ਮੈਨੂੰ ਯਾਰ ਪੜ੍ਹਾਇਆ, ਜ਼ਰਾ ਨ ਹੋਂਦਾ ਲੰਮਾ ਹੂ

ਬਾਹੂ ਨੇ ਧਰਮ ਦੇ ਵਪਾਰੀ ਮੁੱਲਾਂ ਮੁਲਾਣਿਆਂ ਦੀ ਕਰੜੀ ਨਿੰਦਾ ਵੀ ਕੀਤੀ ਹੈ, ਜਿਹੜੇ ਫੋਕੇ ਕਰਮ ਕਾਂਡਾਂ ਵਿੱਚ ਲੋਕਾਂ ਨੂੰ ਫਸਾ ਕੇ ਲੁੱਟਦੇ ਹਨ ਅਤੇ ਧਰਮ ਤੋਂ ਦੂਰ ਲੈ ਜਾਂਦੇ ਹਨ। ਵੱਡੇ ਵੱਡੇ ਧਾਰਮਿਕ ਗ੍ਰੰਥਾਂ ਨੂੰ ਦਿਖਾਵੇ ਵਜੋਂ ਚੁੱਕੀ ਫਿਰਦੇ ਹਨ ਪਰ ਉਹਨਾਂ ਦੇ ਅਰਥਾਂ ਤੋ ਕੋਰੇ ਹੁੰਦੇ ਹਨ। ਉਹ ਖੁਦ ਹੀ ਇੰਨੇ ਭਰਮ ਭੁਲੇਖਿਆਂ ਵਿਚ ਪਏ ਹੁੰਦੇ ਹਨ ਕਿ ਉਹਨਾਂ ਨੂੰ ਬਾਹਰ ਨਿਕਲਣ ਦਾ ਰਸਤਾ ਨਹੀਂ ਮਿਲਦਾ। ਅਜਿਹੇ ਮੁੱਲੇ ਮੁਲਾਣੇ ਲਾਲਚੀ ਬਿਰਤੀ ਕਾਰਨ ਸਰਦੇ ਪੁੱਜਦੇ ਘਰਾਂ ਵਿਚ ਆਪਣਾ ਪੈਰ ਧਰਾਵਾ ਰੱਖਦੇ ਸਨ। ਉਹਨਾਂ ਕੋਲੋਂ ਧਰਮ ਦੇ ਨਾਂ ਤੇ ਰੁਪਇਆ ਪੈਸਾ ਵਸਤਾ ਦਾਨ ਦੇ ਰੂਪ ਵਿਚ ਲੈਂਦੇ ਸਨ। ਬਾਹੂ ਅਨੁਸਾਰ ਅਜਿਹੇ ਧਰਮ ਦੇ ਠੇਕੇਦਾਰਾਂ ਨੂੰ ਦੋਹਾਂ ਜਹਾਨਾਂ ਵਿਚ ਧੱਕੇ ਖਾਣੇ ਪੈਂਦੇ ਹਨ ਜਿਵੇ

ਪੇ ਪੜ੍ਹ ਪੜ੍ਹ ਹਾਫਜ ਕਰਨ ਤਕੱਬਰ, ਮੁੱਲਾਂ ਕਰਨ ਵਡਿਆਈ ਹੂ
ਗਲੀਆਂ ਦੇ ਵਿੱਚ ਫਿਰਨ ਨਿਮਾਣੇ, ਬਗ਼ਲ ਕਤਾਬਾਂ ਚਾਈ ਹੂ
ਜਿਥੇ ਵੇਖਣ ਚੰਗਾ ਚੋਖਾ ਓਥੇ ਪੜ੍ਹਨ ਕਲਾਮ ਸਵਾਈ ਹੂ।
ਦੋਹੀਂ ਜਹਾਨੀ ਮੁਠੇ ਬਾਹੂ, ਜਿਨ੍ਹਾਂ ਖਾਧੀ ਵੇਚ ਕਮਾਈ ਹੂ।

ਹਿੰਝ ਬਾਹੂ ਇਸਲਾਮੀ ਸ਼ਰ੍ਹਾਂ ਵਿਚ ਪੂਰਾ ਯਕੀਨ ਰੱਖਦਾ ਸੀ ਪਰ ਧਰਮ ਦੇ ਨਾਂ ਤੇ ਕੁਰਾਹੇ ਪਾਉਣ ਵਾਲੇ ਧਾਰਮਿਕ ਆਗੂਆਂ ਨੂੰ ਭੰਡਣ ਦੀ ਪੂਰੀ ਦਲੇਰੀ ਰੱਖਦਾ ਸੀ।

### 'ਫਨਾ' ਅਤੇ 'ਬਕਾਅ' ਦੀ ਮੰਜ਼ਿਲ

ਬਾਹੂ ਦੀਆਂ ਸੀਹਰਫ਼ੀਆਂ ਵਿਚ 'ਫਨਾ' ਦੀ ਅਵਸਥਾ ਨੂੰ ਵੀ ਰੂਪਮਾਨ ਕੀਤਾ ਗਿਆ ਹੈ। ਇਹ ਸੂਫ਼ੀ ਸਾਧਕ ਦੀ ਅੰਤਿਮ ਮੰਜ਼ਿਲ ਹੁੰਦੀ ਹੈ। ਫ਼ਨਾ ਦੇ ਸ਼ਾਬਦਿਕ ਅਰਥ ਹਨ, ''ਨਾ ਰਹਿਣਾ, ਮਰਨਾ, ਨਾਬੂਦ ਹੋਣਾ, ਨਾਬੂਦੀਅਤ (ਰੱਬ ਵਿਚ ਰੂਹ ਦਾ ਮਿਲ ਕੇ ਰੱਬ ਹੋਣਾ)''।[6] ਇਸ ਅਵਸਥਾ ਵਿਚ ਪੁੱਜ ਕੇ ਸੂਫ਼ੀ ਸਾਧਕ ਨਿੱਜੀ ਹੋਂਦ ਨੂੰ ਖਤਮ ਹੋਈ ਸਮਝਦਾ ਹੈ, ਉਹ ਅੱਲ੍ਹਾਂ ਵਿੱਚ ਅਭੇਦ ਹੋਇਆ ਅਨੁਭਵ ਕਰਦਾ ਹੈ। ਫ਼ਨਾ ਤੋਂ ਬਾਅਦ ਸੂਫ਼ੀ ਸਾਧਕ ਦੁਨਿਆਵੀ ਜਗਤ ਤੋਂ ਟੁੱਟ ਕੇ ਅਧਿਆਤਮਿਕ ਜਗਤ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਉਸਨੂੰ ਰੂਹਾਨੀ ਸਕੂਨ ਅਨੁਭਵ ਹੋਣ ਲੱਗਦਾ ਹੈ। ਇਸੇ ਤਰ੍ਹਾਂ ਬਾਹੂ ਦੁਨੀਆਦਾਰੀ ਤਿਆਗ ਕੇ ਉਸ ਖੁਦਾ ਦੀ ਬੰਦਗੀ ਵਿੱਚ ਲੀਨ ਹੋਣਾ ਚਾਹੁੰਦਾ ਹੈ। ਉਸਨੂੰ ਸਰੀਰਕ ਸੁੱਖ ਦੇਣ ਵਾਲੀ ਕੋਈ ਵਸਤੂ ਨਹੀਂ ਚਾਹੀਦੀ, ਉਹ ਤਾਂ ਆਤਮਿਕ ਰਸ ਦੇਣ ਵਾਲੀ ਇਲਾਹੀ ਬਾਣੀ ਵਿੱਚ ਰੰਗਿਆ ਜਾਣਾ ਚਾਹੀਦਾ ਹੈ ਤਾਂ ਕਿ ਉਹ ਫ਼ਨਾ ਅਤੇ ਬਕਾਅ ਦੀ ਮੰਜ਼ਿਲ ਨੂੰ ਪਾ ਸਕੇ ਪਰ ਇਸ ਮੰਜ਼ਿਲ ਨੂੰ ਪ੍ਰਾਪਤ ਕਰਨ ਲਈ ਕਠਿਨ ਬੰਦਗੀ ਕਰਨੀ ਪੈਂਦੀ ਹੈ, ਰਾਤਾਂ ਜਾਗ ਜਾਗ ਕੇ ਅੱਲ੍ਹਾ ਨੂੰ ਧਿਆਉਣਾ ਪੈਂਦਾ ਹੈ ਫਿਰ ਜਾ ਕੇ ਉਸਨੂੰ ਅੱਲ੍ਹਾ ਵਿਚ ਅਭੇਦਤਾ ਦਾ ਅਨੁਭਵ ਹੁੰਦਾ ਹੈ, ਜਿਵੇਂ

ਬੇ ਬਾਛ ਹਜ਼ੂਰੀ ਨਹੀਂ ਮਨਜ਼ੂਰੀ, ਤੋੜੇ ਪੜ੍ਹਨ ਪਏ ਬਾਂਗ ਸਲਵਾਤਾਂ ਹੂ।
ਰੋਜ਼ੇ ਨਫ਼ਲ ਨਮਾਜ਼ ਗੁਜ਼ਾਰਨ, ਤੋੜੇ ਜਾਗਨ ਸਾਰੀਆਂ ਰਾਤਾਂ ਹੂ।
ਬਾਝੋਂ ਕਲਬ ਹਜ਼ੂਰ ਨਾ ਹੋਵੇ, ਛੋੜੇ ਕੱਢਣ ਮੈਂ ਜ਼ਕਾਤਾ ਹੂ।
ਬਾਹੂ ਬਾਝ ਫ਼ਲਾ ਰੱਬ ਹਾਸਲ ਨਾਹੀਂ, ਨ ਤਾਸੀਰ ਜਮਾਤਾਂ ਹੂ।

ਸੋ ਸੁਲਤਾਨ ਬਾਹੂ ਵਿਸ਼ਾਲ ਦ੍ਰਿਸ਼ਟੀਗੋਚਰ ਦਾ ਮਾਲਕ ਸੂਫ਼ੀ ਕਵੀ ਹੈ। ਉਸ ਦੀ ਵਿਚਾਰਧਾਰਾ ਨਿਰੋਲ ਸੂਫ਼ੀ ਸਾਧਕ ਵਾਲੀ ਹੈ। ਉਸਦੀ ਕਾਵਿ ਰਚਨਾ ਬਹੁਭਾਂਤੀ ਵਿਸ਼ਿਆਂ ਨੂੰ ਰੂਪਾਮਨ ਕਰਦੀ ਹੈ। ਉਸਦੀ ਰਚਨਾ ਵਿਚ ਪ੍ਰਪੱਕਤਾ ਹੈ, ਰਸ ਹੈ, ਸੰਜਮ ਅਤੇ ਸੁਹਜ ਹੈ, ਜਿਸ ਸਦਕਾ ਉਸਦੀਆਂ ਸੀਹਰਫ਼ੀਆਂ ਸੂਫ਼ੀ ਮਜਲਿਸਾਂ ਵਿਚ ਗਾਈਆਂ ਜਾਂਦੀਆਂ ਹਨ। ਬਾਹੂ ਦੀ ਰਚਨਾ ਅਧਿਆਤਮਿਕਤਾ ਦੇ ਨਾਲ ਸਾਹਿਤਕਤਾ ਪੱਖੋਂ ਵੀ ਪੂਰਨਤਾਂ ਵੀ ਹੱਕਦਾਰ ਹੈ।

### ਹਵਾਲੇ ਤੇ ਟਿੱਪਣੀਆਂ


1. ਡਾ. ਅੰਮ੍ਰਿਤਪਾਲ ਕੌਰ ( ਸੰਪਾ.) ਖੋਜ ਪਤ੍ਰਿਕਾ 299
2. ਡਾ. ਹਰਜਿੰਦਰ ਸਿੰਘ ਢਿੱਲੋਂ, ਸੁਲਤਾਨ ਬਾਹੂ ਚਿੰਤਨ, ਕਲਾ ਤੇ ਰਚਨਾ, ਪੰਨਾ 66
3. ਉਹੀ, ਪੰਨਾ 83
4. ਡਾ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ ਪੰਨਾ 118
5. ਡਾ. ਹਰਜਿੰਦਰ ਸਿੰਘ ਢਿੱਲੋ, ਉਹੀ, ਪੰਨਾ 49
6. ਉਹੀ, ਪੰਨਾ 41